ਦੇਸ਼ ਸੇਵਕ ਚੰਡੀਗੜ੍ਹ, ਐਤਵਾਰ 11 ਜੁਲਾਈ, 1999

ਵਿਚਾਰ-ਚਰਚਾ — ਗੁਰਸ਼ਰਨ ਸਿੰਘ

# ਖੇਤ ਮਜ਼ਦੂਰਾਂ ਦੇ ਸੰਘਰਸ਼ ਬਾਰੇ ਵਰਕਸ਼ਾਪ

ਇਹ ਵਰਕਸ਼ਾਪ ਚੰਡੀਗੜ੍ਹ ਵਿਚ 6-8 ਜੁਲਾਈ ਦੌਰਾਨ ਭਾਰਤੀ ਖੇਤ ਮਜ਼ਦੂਰ ਯੂਨੀਅਨ ਵੱਲੋਂ ਆਈ.ਐਲ.ਓ. ਦੇ ਸਹਿਯੋਗ ਨਾਲ ਲਗਾਈ ਗਈ, ਜਿਸਦੇ 6 ਸੈਸ਼ਨਾਂ ਵਿਚ ਖੇਤ ਮਜ਼ਦੂਰਾਂ ਦੇ ਮਸਲਿਆਂ ਦੇ ਰੂ-ਬ-ਰੂ ਹੋਇਆ ਗਿਆ। 40 ਦੇ ਕਰੀਬ ਖੇਤ ਮਜ਼ਦੂਰਾਂ ਨਾਲ ਜੁੜੇ ਅਵਾਮੀ ਵਰਕਰਾਂ ਨੇ ਅਤੇ ਵਿਦਵਾਨਾਂ ਨੇ ਇਸ ਵਿਚ ਹਿੱਸਾ ਲਿਆ। ਵਿਦਵਾਨਾਂ ਵਿਚ ਨਗਿੰਦਰ ਨਾਥ ਓਝਾ, ਕਾ. ਭਰਤ ਪ੍ਰਕਾਸ਼, ਪੀ.ਕੇ. ਓਡੀਅਨ, ਸੁੱਚਾ ਸਿੰਘ ਗਿੱਲ, ਭਾਨ ਸਿੰਘ ਭੌਰਾ ਅਤੇ ਪ੍ਰੋ. ਮਨਜੀਤ ਸਿੰਘ ਸ਼ਾਮਲ ਸਨ। ਇਹ ਸ਼ਮੂਲੀਅਤ ਇਸ ਗੱਲ ਦੀ ਸੂਚਕ ਹੈ ਕਿ ਅੱਜ ਦੀ ਸਿਆਸਤ ਅਤੇ ਅਵਾਮੀ ਤਹਿਰੀਕਾਂ ਨੂੰ ਡੂੰਘੀ ਸਮਾਜਿਕ ਅਤੇ ਆਰਥਿਕ ਚਿੰਤਨ ਦੀ ਲੋੜ ਹੈ।

ਖੇਤ ਮਜ਼ਦੂਰ ਸਾਡੀ ਕੁੱਲ ਕਾਮਾ ਸ਼ਕਤੀ ਦਾ ਚੌਥਾ ਹਿੱਸਾ ਹਨ ਅਤੇ ਪੇਂਡੂ ਕਾਮਾ ਸ਼ਕਤੀ ਦਾ ਤੀਜਾ ਹਿੱਸਾ ਹਨ ਪਰ ਇਹ ਵੀ ਤੱਥ ਹੈ ਕਿ ਸਨਅਤੀ ਕਾਮਿਆਂ ਦੇ ਉਲਟ ਇਹਨਾਂ ਦੇ ਕੰਮ ਬਾਰੇ ਜਾਂ ਕੰਮ ਦੀ ਸੁਰੱਖਿਆ ਬਾਰੇ ਕੋਈ ਕੇਂਦਰੀ ਕਾਨੂੰਨ ਹੋਵੇ ਜਿਸਦੇ ਨਾਲ ਇਹ ਮਹਿਸੂਸ ਕਰ ਸਕਣ ਕਿ ਇਹ ਵੀ ਇਸ ਧਰਤੀ ਦੇ ਬਾਇੱਜ਼ਤ ਨਾਗਰਿਕ ਹਨ। ਅਸਲ ਵਿਚ ਇਸ ਦੇਸ਼ ਵਿਚ ਜਿਹੜਾ ਸਾਰਾ ਗਰੀਬ ਦੁਸ਼ਮਣ ਵਰਤਾਰਾ ਚੱਲ ਰਿਹਾ ਹੈ, ਖੇਤ ਮਜ਼ਦੂਰ ਉਹਦਾ ਸਭ ਤੋਂ ਵੱਡਾ ਸ਼ਿਕਾਰ ਹਨ। ਸਮੁੱਚੇ ਦੇਸ਼ ਵਿਚ ਸਰਮਾਏਦਾਰੀ ਤਰਜ਼ ਦੇ ਆਰਥਿਕ ਢਾਂਚੇ ਕਰਕੇ ਇਹਨਾਂ ਦੀ ਮਿਹਨਤ ਦੀ ਲੁੱਟ ਤਾਂ ਹੋਣੀ ਹੀ ਹੋਣੀ ਹੈ ਪਰ ਹਰੇ ਇਨਕਲਾਬ ਬਾਅਦ ਜਦੋਂ ਖੇਤੀ ਵੀ ਸਰਮਾਏਦਾਰੀ ਦੀ ਲੀਹ 'ਤੇ ਆ ਗਈ ਹੈ ਤਾਂ ਇਹ ਲੁੱਟ ਹੋਰ ਵੀ ਨੰਗੀ ਚਿੱਟੀ ਹੋ ਗਈ ਹੈ।

ਅੰਕੜੇ ਭਾਵੇਂ ਇਹ ਕਹਿੰਦੇ ਹਨ ਕਿ ਪੰਜਾਬ ਵਿਚ ਗਰੀਬੀ ਦੀ ਰੇਖਾ ਥੱਲੇ ਜੀਣ ਵਾਲੇ ਗਰੀਬਾਂ ਦੀ ਗਿਣਤੀ ਘਟੀ ਹੈ, ਪਰ ਇਹ ਵੀ ਇਕ ਸਚਾਈ ਹੈ ਕਿ ਗਰੀਬ ਅਮੀਰ ਦਾ ਪਾੜਾ ਬਹੁਤ ਵਧਿਆ ਹੈ ਅਤੇ ਖੇਤ ਮਜ਼ਦੂਰ ਇਸ ਵਧਦੇ ਪਾੜੇ ਦਾ ਬੁਰੀ ਤਰ੍ਹਾਂ ਸ਼ਿਕਾਰ ਹੋਏ ਹਨ। ਪੰਜਾਬ ਦੇ ਪਿੰਡਾਂ ਦਾ ਨਕਸ਼ਾ ਦੱਸਦਾ ਹੈ ਕਿ ਜਿੱਥੇ ਪਿੰਡਾਂ ਵਿਚ ਬਹੁਤ ਸਾਰੇ ਪੱਕੇ ਮਕਾਨ ਅਤੇ ਇੱਥੋਂ ਤੱਕ ਕੋਠੀਆਂ ਅਤੇ ਫਾਰਮ ਹਾਊਸ ਹੋਂਦ ਵਿਚ ਆ ਗਏ ਹਨ, ਉੱਥੇ ਵਿਹੜਿਆਂ ਅਤੇ ਠੱਠੀਆਂ ਦੀ ਹਾਲਤ, ਜਿਥੇ ਇਹ ਖੇਤ ਮਜ਼ਦੂਰ ਰਹਿੰਦੇ ਹਨ, ਉਸੇ ਤਰ੍ਹਾਂ ਦੀ ਉਸੇ ਤਰ੍ਹਾਂ ਹੈ। ਕੱਚੇ ਘਰ, ਨਾ ਕੋਈ ਪਰਦੇ ਵਾਲੀ ਨਹਾਉਣ ਦੀ ਥਾਂ, ਨਾ ਜੰਗਲ ਪਾਣੀ ਦੀ ਸਹੂਲਤ, ਨਾ ਕੋਈ ਚੱਜ ਦਾ ਰਹਿਣ ਵਾਲਾ ਕਮਰਾ, ਨਾ ਕੋਈ ਬੁੱਢੇ-ਬੁੱਢੀਆਂ ਦੀ ਕੋਈ ਅਰਾਮ ਵਾਲੀ ਥਾਂ ਇਹ ਖੇਤ ਮਜ਼ਦੂਰ ਦੇ ਰਹਿਣ ਲਈ ਥਾਂ ਦਾ ਖਾਸਾ ਹੈ।

ਜਾਣਕਾਰੀ ਦਿੱਤੀ ਗਈ। ਇਸ ਵਰਕਸ਼ਾਪ ਦੌਰਾਨ ਜਿਹੜੀਆਂ ਗੱਲਾਂ ਉਭਰਕੇ ਸਾਹਮਣੇ ਆਈਆਂ ਉਹਨਾਂ ਦਾ ਸੰਖੇਪ ਜ਼ਿਕਰ ਲਾਹੇਵੰਦ ਹੋਏਗਾ। ਪਹਿਲੀ ਗੱਲ ਇਹ ਸਾਹਮਣੇ ਆਈ ਕਿ ਹੋਰ ਲੇਬਰ ਫੋਰਸ ਬਾਰੇ ਤਾਂ ਸਮੇਂ-ਸਮੇਂ ਕਾਨੂੰਨ ਬਣਦੇ ਰਹੇ ਪਰ ਖੇਤ ਮਜ਼ਦੂਰਾਂ ਲਈ ਘੱਟ ਤੋਂ ਘੱਟ ਉਜਰਤ ਵਾਲਾ ਬਿਲ ਜੋ 1948 ਵਿਚ ਹੋਂਦ ਵਿਚ ਆਇਆ, ਉਸ ਤੋਂ ਬਾਅਦ 50 ਸਾਲ ਲੰਘ ਗਏ ਹਨ, ਕੋਈ ਵੀ ਐਸਾ ਕਾਨੂੰਨ ਨਹੀਂ ਬਣਿਆ ਜਿਹੜਾ ਇਹਨਾਂ ਖੇਤ ਮਜ਼ਦੂਰਾਂ ਨੂੰ ਕੰਮ ਜਾਂ ਸਮਾਜਿਕ ਸੁਰੱਖਿਆ ਦੇਵੇ।

ਦੂਸਰੇ ਪਾਸੇ ਇਹ ਵੀ ਗੱਲ ਹੈ ਕਿ ਇਹਨਾਂ ਦੀ ਵੱਡੀ ਗਿਣਤੀ ਵਿਚ ਮੌਜੂਦਗੀ ਇਹਨਾਂ ਨੂੰ ਵੋਟ ਬੈਂਕ ਦੀ ਸ਼ਕਤੀ ਪ੍ਰਦਾਨ ਕਰਦੀ ਹੈ। ਇਸ ਲਈ ਹਾਕਮ ਵਰਗ ਦੀਆਂ ਸਾਰੀਆਂ ਪਾਰਟੀਆਂ ਇਹਨਾਂ ਦੀ ਰਾਹਤ ਲਈ ਕੁਝ ਨਾ ਕੁਝ ਐਲਾਨ ਕਰਦੀਆਂ ਰਹਿੰਦੀਆਂ ਹਨ। ਉਂਝ ਭਾਵੇਂ ਪ੍ਰਬੰਧਕੀ ਮਸ਼ੀਨਰੀ ਕੋਈ ਨਾ ਕੋਈ ਅੜਚਣ ਡਾਹ ਕੇ ਇਹ ਦੇਖਦੀ ਹੈ ਕਿ ਰਾਹਤ ਸਹੀ ਲੋਕਾਂ ਨੂੰ ਨਾ ਪਹੁੰਚੇ। ਬੁੱਢਿਆਂ ਲਈ ਪੈਨਸ਼ਨਾਂ, ਗਰੀਬਾਂ ਲਈ ਸ਼ਗਨ ਸਕੀਮਾਂ ਇਹਦੀਆਂ ਮਿਸਾਲਾਂ ਹਨ।

ਰਾਹਤ ਨਾਲ ਹੀ ਜੁੜਦੀ ਹੋਰ ਗੱਲ ਪੰਚਾਇਤੀ ਰਾਜ ਦੀਆਂ ਸਹੂਲਤਾਂ ਹਨ। ਪੰਚਾਇਤ ਐਕਟ 1994 ਵਿਚ ਖੇਤ ਮਜ਼ਦੂਰਾਂ ਲਈ ਰਾਹਤ ਦੇ ਕਈ ਮੁੱਦੇ ਹਨ। ਇਹ ਪੰਚਾਇਤਾਂ ਲਈ ਲਾਜ਼ਮੀ ਕਰਾਰ ਦੇਂਦੇ ਹਨ ਕਿ ਖੇਤ ਮਜ਼ਦੂਰਾਂ ਦੇ ਪਸ਼ੂਆਂ ਲਈ ਚਰਾਂਦ ਪੰਚਾਇਤ ਮੁਹੱਈਆ ਕਰੇ। ਪਸ਼ੂਆਂ ਲਈ ਪੱਠੇ ਉਗਾਣ ਲਈ ਜ਼ਮੀਨ ਮੁਹੱਈਆ ਕਰੇ। ਸਾਰੇ ਬੱਚੇ ਚੌਥੀ ਜਮਾਤ ਤੱਕ ਪੜ੍ਹਨ, ਇਹ ਪੰਚਾਇਤ ਦੀ ਜ਼ਿੰਮੇਵਾਰੀ ਹੋਵੇ। ਗਰੀਬਾਂ ਦੇ ਬੱਚਿਆਂ ਨੂੰ ਬਿਮਾਰੀ ਤੋਂ ਬਚਾਅ ਵਾਲੇ ਟੀਕੇ ਲਗਣ, ਇਹ ਪੰਚਾਇਤ ਦੀ ਜ਼ੁੰਮੇਵਾਰੀ ਹੈ। ਵਰਕਸ਼ਾਪ ਵਿਚ ਇਹ ਗੱਲ ਉਭਰਕੇ ਆਈ ਕਿ ਬਹੁਤੀਆਂ ਗੱਲਾਂ ਦਾ ਇਸ ਲਹਿਰ ਦੇ ਸਰਗਰਮ ਕਾਰਕੁੰਨਾਂ ਨੂੰ ਵੀ ਨਹੀਂ ਪਤਾ। ਇਹ ਪਤਾ ਰੱਖਣਾ ਜ਼ਰੂਰੀ ਹੈ। ਪੰਚਾਇਤਾਂ ਸਾਲ ਵਿਚ ਦੋ ਵਾਰ ਗਰਾਮ ਪੰਚਾਇਤਾਂ ਅੱਗੇ, ਜਿਸਦੇ ਸਾਰੇ ਵੋਟਰ ਮੈਂਬਰ ਹਨ, ਜਵਾਬਦੇਹ ਹੈ। ਖੇਤ ਮਜ਼ਦੂਰ ਲਹਿਰ ਦੇ ਕਾਰਕੁੰਨਾਂ ਨੇ ਜਾਗ੍ਰਿਤ ਹੋ ਕੇ ਇਹਨਾਂ ਦੇ ਹੱਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਵਰਕਸ਼ਾਪ ਦੌਰਾਨ ਇਹ ਵੀ ਗੱਲ ਸਾਹਮਣੇ ਆਈ ਕਿ 1972 ਤੋਂ ਲੈ ਕੇ ਹੁਣ ਤੱਕ 27 ਸਾਲ ਲੰਘ ਗਏ ਹਨ ਜਦੋਂ ਪੂਰੀ ਕੋਸ਼ਿਸ਼ ਦੇ ਬਾਅਦ ਵੀ ਪਾਰਲੀਮੈਂਟ ਵਿਚ ਕੋਈ ਦੇਸ਼ ਵਿਆਪੀ ਬਿਲ ਪਾਸ ਨਹੀਂ ਹੋ ਸਕਿਆ, ਜੋ ਸੂਬਾਈ ਸਰਕਾਰਾਂ ਲਈ ਲਾਜ਼ਮੀ ਹੋਵੇ ਕਿ ਉਹ ਖੇਤ ਮਜ਼ਦੂਰਾਂ ਨੂੰ ਹੋਰਨਾਂ ਮਜ਼ਦੂਰਾਂ ਦੇ ਬਰਾਬਰ ਦੇ ਹੱਕ ਦੇਵੇ।